Tender Heart High School Sec-33B Chd

Class - 8 Ramandeep Kaur

Topic - ਅਸ਼ੁੱਧ-ਸ਼ੁੱਧ ਸ਼ਬਦ ਤੇ ਵਾਕ (Page-1)

(Revision)

ਸ਼ੁੱਭ ਸਵੇਰ ਵਿਦਿਆਰਥੀਓ ਇਸ ਹਫਤੇ ਅਸੀਂ ਅੱਠਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਵਿਆਕਰਣ ਭਾਗ ਵਿੱਚੋਂ ਅਸ਼ੁੱਧ - ਸ਼ੁੱਧ ਸ਼ਬਦ ਅਤੇ ਵਾਕ ਬਾਰੇ ਵਿਚਾਰ ਕਰਾਂਗੇ। ਇਹ ਪਾਠ ਤੁਹਾਡੀ ਵਿਆਕਰਣ ਪੁਸਤਕ ਦੇ ਪੰਨਾ ਨੰਬਰ ੧੧ ਤੋਂ ੧੩ ਤੱਕ ਦਰਜ ਹੈ।

ਸਾਰੇ ਵਿਦਿਆਰਥੀ ਇਸ ਪਾਠ ਨੂੰ ਗੌਰ ਨਾਲ ਸੁਣਨਗੇ। ਅੱਜ ਦੀ ਵਿਚਾਰ ਚਰਚਾ ਸ਼ੁੱਧ ਸ਼ਬਦ ਜੋੜ ਬਾਰੇ। ਇਹਨਾਂ ਦੀ ਸਹੀ ਵਰਤੋਂ ਤੁਹਾਡੇ ਲਈ ਹਮੇਸ਼ਾਂ ਲਾਹੇਵੰਦ ਹੋਵੇਗੀ। ਇਸ ਲਈ ਤੁਸੀਂ ਸ਼ੁੱਧ ਸ਼ਬਦ ਜੋੜਾਂ ਦੇ ਨਿਯਮਾਂ ਨੂੰ ਧਿਆਨ ਨਾਲ ਸੁਣਨਾ ਹੈ ਅਤੇ ਯਾਦ ਰੱਖਣਾ ਹੈ। ਤੁਹਾਡੀ ਵਿਆਕਰਣ ਪੁਸਤਕ ਵਿੱਚ ਨਿਯਮ ਨਹੀਂ ਦਿੱਤੇ ਗਏ ਪਰ ਅਸੀਂ ਤੁਹਾਨੂੰ ਇਸ ਪਾਠ ਰਾਹੀਂ ਦੱਸ ਪੜ੍ਹਾ ਰਹੇ ਹਾਂ। ਇਹਨਾਂ ਨਿਯਮਾਂ ਦੀ ਪਾਲਣਾ ਕਰਕੇ ਤੁਸੀਂ ਸ਼ਬਦ ਜੋੜਾਂ ਦੀਆਂ ਅਸ਼ੁੱਧੀਆਂ ਤੋਂ ਬੱਚ ਸਕਦੇ ਹੋ ਅਤੇ ਆਪਣੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹੋ। ਇਹ ਕਥਨ ਵੀ ਸੱਚ ਹੈ ਸਹੀ ਸੁਣੋ, ਸਹੀ ਬੋਲੋ ਤਾਂ ਹੀ ਸਹੀ ਸ਼ਬਦ ਲਿਖੋਗੇ। ਸੋ ਹੁਣ ਤੁਸੀਂ ਸਾਰਿਆਂ ਨੇ ਸ਼ੁੱਧ ਸ਼ਬਦ ਜੋੜ ਦੇ ਨਿਯਮਾਂ ਨੂੰ ਧਿਆਨ ਨਾਲ ਪੜ੍ਹਨਾ ਹੈ।

**ਨਿਯਮ-I** 'ਹ' ਤੋਂ ਪਹਿਲਾਂ ਵਾਲੇ ਅੱਖਰ ਤੇ ਲਾਂ (ੇ) ਦੀ ਥਾਂ ਸਿਹਾਰੀ (ਿ) ਦੀ ਵਰਤੋਂ ਹੁੰਦੀ ਹੈ ਜਿਵੇਂ

× ਸੇਹਤ – ਸਿਹਤ ✓ × ਵੇਹੜਾ – ਵਿਹੜਾ ✓

× ਮੇਹਨਤ – ਮਿਹਨਤ ✓ × ਕੇਹੜਾ – ਕਿਹੜਾ ✓

Class - 8

Topic - ਅਸ਼ੁੱਧ/ਸ਼ੁੱਧ ਸ਼ਬਦ ਅਤੇ ਵਾਰ

Ramandeep Kaur
(Page-2) (Lang.)

ਨਿਯਮ II 'ਹ' ਤੋਂ ਪਹਿਲਾਂ ਵਾਲੇ ਅੱਖਰ ਨਾਲ ਦੁਲਾਵਾਂ (ੈ) ਦੀ ਥਾਂ ਹੀ ਸਿਹਾਰੀ (ਿ) ਲਗਦੀ ਹੈ। ਜਿਵੇਂ

ਲੈਹਰ - ਲਹਿਰ ✓ ✗ ਕਚੈਹਰੀ - ਕਚਹਿਰੀ ✓
ਗੈਹਣਾ - ਗਹਿਣਾ ✓ ✗ ਕੈਹਣਾ - ਕਹਿਣਾ ✓

ਨਿਯਮ III 'ਹ' ਤੋਂ ਪਹਿਲਾਂ ਵਾਲੇ ਅੱਖਰ ਹੋੜੇ (ੋ) ਦੀ ਅਵਾਜ਼ ਆਵੇ ਤਾਂ ਉਸ ਅੱਖਰ ਤੇ ਔਂਕੜ (ੁ) ਲਗਦਾ ਹੈ ਜਿਵੇਂ

ਮੌਹਣਾ - ਮੁਹਣਾ ✓ ਦੌਹਰਾ - ਦੁਹਰਾ ✓
ਮੌਹਰੇ - ਮੁਹਰੇ ✓ ਮੌਹਲਾ - ਮੁਹਲਾ ✓

ਨਿਯਮ IV - 'ਹ' ਤੋਂ ਪਹਿਲਾਂ ਵਾਲੇ ਅੱਖਰ ਤੇ ਕਨੌੜੇ (ੌ) ਦੀ ਅਵਾਜ਼ ਆਵੇ ਤਾਂ 'ਹ' ਨੂੰ ਔਂਕੜ (ੁ) ਲਗਦਾ ਹੈ। ਜਿਵੇਂ -

ਮੌਹਰਾ - ਮਹੁਰਾ ✓ ✗ ਵੌਹਟੀ - ਵਹੁਟੀ ✓
ਬੌਹਤ - ਬਹੁਤ ✓ ✗ ਲੌਂਹ - ਲਹੂ ✓

ਨਿਯਮ-V ਇਲਾਕਾਈ ਬੋਲੀਆਂ ਅਧੀਨ ਆਈਆਂ ਅਸ਼ੁੱਧੀਆਂ ਨੂੰ ਕੁੱਝ ਇਸ ਪ੍ਰਕਾਰ ਸ਼ੁੱਧ ਲਿਖਿਆ ਜਾ ਸਕਦਾ ਹੈ

'ਸ' ਦੀ ਥਾਂ ਤੇ 'ਹ' ਲਗਾਕੇ। ਜਿਵੇਂ
✗ ਕੇਸਾਂ - ਕੇਹਾਂ ✓ ✗ ਕਿਸੇਂ - ਕਿਵੇਂ ✓

'ਬ' ਦੀ ਥਾਂ ਤੇ 'ਵ' ਦੀ ਵਰਤੋਂ। ਜਿਵੇਂ
✗ ਬਾਜਾ - ਵਾਜਾ ✓ ✗ ਬੱਡਾ - ਵੱਡਾ ✓

Class - 8

Topic - ਅਸ਼ੁੱਧ / ਸ਼ੁੱਧ ਸ਼ਬਦ ਅਤੇ ਵਾਕ

Ramandeep Kaur (Page-3) (Lang.)

ਨਿਯਮ - VI ਹਿੰਦੀ ਭਾਸ਼ਾ ਦਾ 'ਯ' ਪੰਜਾਬੀ ਭਾਸ਼ਾ ਵਿੱਚ 'ਜ', 'ਇ + ਆ' ਜਾਂ ਇ + ਉ ਵਿੱਚ ਬਦਲ ਜਾਂਦਾ ਹੈ। ਜਿਵੇਂ

× ਯਸ਼ — ਜੱਸ ✓  × ਅਭਿਯਾਸ — ਅਭਿਆਸ ✓
× ਯਤਨ — ਜਤਨ ✓  × ਪਯਾਰ — ਪਿਆਰ ✓
× ਕਿਯੋਂ — ਕਿਉਂ ✓  × ਹੋਯਾ — ਹੋਇਆ ✓

ਨਿਯਮ - VII ਹਿੰਦੀ ਭਾਸ਼ਾ ਵਾਲੀ ਸਿਹਾਰੀ ਪੰਜਾਬੀ ਭਾਸ਼ਾ ਵਿੱਚ ਨਹੀਂ ਲਗਦੀ। ਜਿਵੇਂ

× ਆਖਿਰ — ਆਖਰ ✓  × ਸ਼ਾਮਿਲ — ਸ਼ਾਮਲ ✓
× ਵਰਜਿਸ਼ — ਵਰਜਸ਼ ✓  × ਸ਼ੁਧਿ — ਸ਼ੁੱਧ ✓

ਉਮੀਦ ਹੈ ਸਾਰੇ ਵਿਦਿਆਰਥੀਆਂ ਨੂੰ ਨਿਯਮਾਂ ਦੀ ਸਮਝ ਆ ਗਈ ਹੈ।

ਨਿਯਮ VIII ਪੰਜਾਬੀ ਭਾਸ਼ਾ ਵਿੱਚ ਦੁੱਤ ਅੱਖਰਾਂ ਦੀ ਵਰਤੋਂ ਘਟ ਗਈ ਹੈ ਜਿਵੇਂ

ਈਸ਼੍ਵਰ — ਈਸ਼ਵਰ

ਸ੍ਵੈਟਰ — ਸਵੈਟਰ

ਸ੍ਵਰਗ — ਸਵਰਗ ਆਦਿ

Class - 8 Ramandeep Kaur

Topic- ਸ਼ੁੱਧ / ਅਸ਼ੁੱਧ ਰੂਪ (Page-4) (lang.)

ਨਿਯਮ-IX 'ਵ' ਨੂੰ 'ਉ' ਵਿੱਚ ਬਦਲ ਕੇ ਲਿਖਣਾ।

× ਆਵਣਾ - ਆਉਣਾ ✓ × ਸਜਾਵਣਾ - ਸਜਾਉਣਾ ✓
× ਗਾਵਣਾ - ਗਾਉਣਾ ✓

ਨਿਯਮ-X 'ਉ' ਦੀ ਥਾਂ ਤੇ 'ਔ' ਦੀ ਵਰਤੋਂ।

× ਅਉਖਾ - ਔਖਾ ✓
× ਰਉਣ - ਰੌਣ ✓

ਨਿਯਮ-XI 'ਨਾ' ਦੀ ਥਾਂ ਤੇ 'ਣਾ' ਦੀ ਵਰਤੋਂ।

× ਰੀਝਨਾ - ਰੀਝਣਾ ✓ × ਜਾਨਾ - ਜਾਣਾ ✓
× ਸੁੱਟਨਾ - ਸੁੱਟਣਾ

ਨਿਯਮ-XII 'ਣਾ' ਦੀ ਥਾਂ ਤੇ ਨਾ ਦੀ ਵਰਤੋਂ।

× ਸੁਣਣਾ - ਸੁਣਨਾ ✓ × ਸੜਣਾ - ਸੜਨਾ ✓

ਨਿਯਮ-XIII ਹਿੰਦੀ ਸੰਸਕ੍ਰਿਤ ਵਾਂਗ ਪੰਜਾਬੀ ਭਾਸ਼ਾ ਵਿੱਚ ਸ਼ਬਦ ਦਾ ਅਖੀਰਲਾ ਅੱਖਰ 'ਯ' ਨਹੀਂ ਹੁੰਦਾ।

× ਹਿਮਾਲਯ - ਹਿਮਾਲਾ ✓ × ਮੂਲਯ - ਮੁੱਲ ✓

ਦਿੱਤੇ ਗਏ ਕੁਝ ਖਾਸ ਨਿਯਮਾਂ ਨੂੰ ਤੁਸੀਂ ਯਾਦ ਰੱਖਣਾ ਹੈ ਪੰਨਾ ੧੧, ੧੨ ਦੇ ਸ਼ਬਦ ਯਾਦ ਕਰਨੇ ਹਨ ਤੇ ੧੩ ਦਾ ਅਭਿਆਸ ਕਰਨ ਦਾ ਯਤਨ ਕਰਨਾ ਹੈ।

(Last page)